ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਨੂੰ ਆਪਣੇ ਹੀ ਤਨ -ਮਨ - ਧਨ ਨਾਲ ਭਾਰਤ ਨੂੰ ਪਾਵਨ ਬਣਾਉਣ ਦੀ ਸੇਵਾ ਕਰਨੀ ਹੈ, ਇਸ ਭਾਰਤ ਨੂੰ ਮਾਇਆ ਰਾਵਣ ਤੋਂ ਲਿਬ੍ਰੇਟ ਕਰਨਾ ਹੈ"

ਪ੍ਰਸ਼ਨ:- ਜੋ ਬੱਚੇ ਦੇਹੀ - ਅਭਿਮਾਨੀ ਰਹਿਣ ਦਾ ਪੁਰਸ਼ਾਰਥ ਕਰਦੇ ਹਨ ਉਹ ਕਿਸ ਫ਼ਿਕਰ ਤੋਂ ਛੁੱਟ ਜਾਂਦੇ ਹਨ?

ਉੱਤਰ:- ਇਸ ਪੁਰਾਣੇ ਸ਼ਰੀਰ ਦਾ ਕਰਮਭੋਗ ਜੋ ਘੜੀ - ਘੜੀ ਭੋਗਣਾ ਦੇ ਰੂਪ ਵਿੱਚ ਆਉਂਦਾ ਹੈ, ਹਿਸਾਬ - ਕਿਤਾਬ ਚੁਕਤੂ ਕਰਨਾ ਪੈਂਦਾ ਹੈ ਇਸਦੀ ਫ਼ਿਕਰ ਤੋਂ ਛੁੱਟ ਜਾਂਦੇ ਹਨ ਕਿਉਂਕਿ ਉਹਨਾਂ ਦੀ ਬੁੱਧੀ ਵਿੱਚ ਰਹਿੰਦਾ ਹੈ - ਹੁਣ ਤਾਂ ਸਾਨੂੰ ਪੁਰਾਣੇ ਹਿਸਾਬ - ਕਿਤਾਬ ਚੁਕਤੂ ਕਰ ਕਰਮਾਤੀਤ ਬਣਨਾ ਹੈ। ਫਿਰ ਅੱਧਾਕਲਪ ਦੇ ਲਈ ਕਿਸੇ ਵੀ ਤਰ੍ਹਾਂ ਦਾ ਰੋਗ ਸਾਡੇ ਕੋਲ ਨਹੀਂ ਆ ਸਕਦਾ। ਬਾਬਾ ਫਸਟਕਲਾਸ ਨੇਚਰ - ਕਿਓਰ ਕਰਦੇ ਹਨ ਜੋ ਬਿਮਾਰੀ ਦਾ ਨਾਮ -ਨਿਸ਼ਾਨ ਨਹੀਂ ਰਹਿੰਦਾ।

ਗੀਤ:- ਤੁਮ੍ਹੀਂ ਹੋ ਮਾਤਾ, ਪਿਤਾ ਤੁਮ੍ਹੀਂ ਹੋ...

ਓਮ ਸ਼ਾਂਤੀ। ਬੱਚਿਆਂ ਨੇ ਗੀਤ ਸੁਣਿਆ। ਬੱਚੇ ਜਾਣਦੇ ਹਨ ਅਸੀਂ ਪਤਿਤ- ਪਾਵਨ ਮਾਤ - ਪਿਤਾ ਦੇ ਸਮੁੱਖ ਬੈਠੇ ਹਾਂ। ਪਤਿਤ ਭਾਰਤ ਨੂੰ ਪਾਵਨ ਬਣਾਉਣ ਲਈ ਸ਼੍ਰੀਮਤ ਤੇ ਚਲ ਰਹੇ ਹਾਂ ਕਿਉਂਕਿ ਤੁਸੀਂ ਬੱਚੇ ਹੋ ਆਪਣੇ ਪਰਮਪਿਤਾ ਪਰਮਾਤਮਾ ਦੀ ਸਰਵਿਸ ਤੇ। ਬਾਪ ਵੀ ਇਸ ਸਰਵਿਸ ਤੇ ਹਨ। ਇਹ ਤਾਂ ਬੱਚੇ ਜਾਣਦੇ ਹਨ ਬਰੋਬਰ ਭਾਰਤ ਪਾਵਨ ਸੀ। ਹੁਣ ਪਤਿਤ ਬਣਿਆ ਹੈ। ਪਾਵਨ ਦੁਨੀਆਂ ਨੂੰ 5 ਹਜ਼ਾਰ ਵਰ੍ਹੇ ਪੂਰੇ ਹੋਏ। ਦੁਨੀਆਂ ਇਹਨਾਂ ਗੱਲਾਂ ਨੂੰ ਕੁਝ ਵੀ ਨਹੀਂ ਜਾਣਦੀ। ਹੁਣ ਤੁਸੀਂ ਬੱਚੇ ਬਾਪ ਦੀ ਸ਼੍ਰੀਮਤ ਤੇ ਚਲ ਤਨ-ਮਨ-ਧਨ ਨਾਲ ਭਾਰਤ ਦੀ ਸੇਵਾ ਕਰਦੇ ਹੋ। ਭਾਰਤ ਨੂੰ ਮਾਇਆ ਰਾਵਣ ਦੀਆਂ ਜੰਜੀਰਾਂ ਤੋਂ ਛੁਡਾਉਂਦੇ ਅਤੇ ਰਾਮਰਾਜ ਸਥਾਪਨ ਕਰ ਰਹੇ ਹੋ। ਇਹ ਤਾਂ ਤੁਸੀਂ ਕਿਸੇ ਨੂੰ ਵੀ ਸਮਝਾ ਸਕਦੇ ਹੋ। ਅਸੀਂ ਪਤਿਤ ਪਾਵਨ ਭਾਰਤ ਨੂੰ ਬਣਾਉਣ ਆਏ ਹਾਂ, ਤਾਂ ਜਰੂਰ ਪਵਿੱਤਰ ਬਣਨਾ ਪਵੇ। ਪਵਿੱਤਰਤਾ ਤੇ ਹੀ ਝਗੜਾ ਚੱਲਦਾ ਹੈ। ਕੋਈ ਨਾ ਕੋਈ ਤਕਲੀਫ਼ ਹੁੰਦੀ ਹੈ। ਉਹਨਾਂ ਦੀ ਹੈ ਹਿੰਸਕ ਲੜਾਈ, ਤੁਹਾਡੀ ਲੜਾਈ ਹੈ ਰਾਵਣ ਰੂਪੀ 5 ਵਿਕਾਰਾਂ ਨਾਲ । ਤੁਸੀਂ ਇਹ ਵੀ ਜਾਣਦੇ ਹੋ ਕਲਪ - ਕਲਪ ਅਸੀਂ ਸ਼੍ਰੀਮਤ ਤੇ ਚੱਲੇ ਹਾਂ। ਇਸ ਸਮੇਂ ਸਾਰੀ ਦੁਨੀਆਂ ਰਾਵਣ ਦੀ ਮਤ ਤੇ ਚੱਲ ਰਹੀ ਹੈ। ਸ਼੍ਰੀਮਤ ਨਾਲ ਤੁਸੀਂ ਦੈਵੀ ਮਤ ਵਾਲੇ ਦੇਵਤੇ ਬਣਦੇ ਹੋ। ਹੁਣ ਤੁਸੀਂ ਬ੍ਰਾਹਮਣ ਵਰਣ ਦੇ ਹੋ। ਤੁਸੀਂ ਸਾਰੀ ਦੁਨੀਆਂ ਨੂੰ ਪਤਿਤ ਤੋਂ ਪਾਵਨ ਬਣਾਉਂਦੇ ਹੋ। ਬੇਹੱਦ ਦਾ ਬਾਪ ਆਉਂਦੇ ਹਨ ਬੱਚਿਆਂ ਦੇ ਕੋਲ। ਬੱਚੇ ਕਹਿੰਦੇ ਹਨ ਅਸੀਂ ਤਨ-ਮਨ- ਧਨ ਨਾਲ ਭਾਰਤ ਨੂੰ ਫਿਰ ਤੋਂ ਦੈਵੀ ਰਾਜ ਬਣਾਉਂਦੇ ਹਾਂ ਕਿਉਂਕਿ ਭਾਰਤ ਸਤਿਯੁਗ ਦੇ ਆਦਿ ਵਿੱਚ ਰਾਜਸਥਾਨ ਸੀ। ਅਸੀਂ ਆਪਣਾ ਦੈਵੀ ਰਾਜ ਸਥਾਪਨ ਕਰ ਰਹੇ ਹਾਂ ਜਿਵੇਂ ਬਾਪੂ ਗਾਂਧੀ ਨੇ ਤਨ-ਮਨ-ਧਨ ਨਾਲ ਸੇਵਾ ਕੀਤੀ। ਜੇਲ੍ਹ ਵਿੱਚ ਗਏ ਤਾਂ ਤਨ ਦੀ ਸੇਵਾ ਹੋਈ ਨਾ। ਮਨ ਵੀ ਉਸ ਵਿੱਚ ਲੱਗਿਆ ਹੋਇਆ ਸੀ। ਹੁਣ ਤੁਸੀਂ ਜਾਣਦੇ ਹੋ ਬਾਪ ਮਾਇਆ ਰਾਵਣ ਤੋਂ ਲਿਬ੍ਰੇਟ ਕਰਦੇ ਹਨ। ਇਹ ਬੇਹੱਦ ਦਾ ਬਾਪ, ਉਹ ਭਾਰਤ ਦਾ ਬਾਪੂ ਜੀ ਸੀ। ਸਭ ਦਾ ਨਹੀਂ ਸੀ। ਉਵੇਂ ਵੀ ਬਜ਼ੁਰਗ ਨੂੰ ਬਾਪੂ ਜੀ ਕਹਿੰਦੇ ਹਨ। ਮੇਅਰ ਨੂੰ ਵੀ ਬਾਪੂ ਜੀ ਕਹਿੰਦੇ ਹਨ। ਫਾਦਰਸ ਤਾਂ ਬਹੁਤ ਹਨ। ਤੁਹਾਡਾ ਫਾਦਰ ਇੱਕ ਹੀ ਹੈ। ਦੂਸਰਾ ਨਾ ਕੋਈ। ਬੇਹੱਦ ਦਾ ਬਾਪ ਇੱਕ ਹੈ - ਸ਼ਿਵਬਾਬਾ, ਉਹ ਭਾਰਤ ਨੂੰ ਪਾਵਨ ਬਣਾਉਣ ਦੀ ਸਰਵਿਸ ਵਿੱਚ ਉਪਸਥਿਤ ਹੋਏ ਹਨ। ਜਰੂਰ ਕਿਸੇ ਸ਼ਰੀਰ ਵਿੱਚ ਆਇਆ ਹੋਵੇਗਾ। ਨਾਲ ਮਦਦਗਾਰ ਵੀ ਹੋਣਗੇ। ਇਕੱਲਾ ਤਾਂ ਨਹੀਂ ਹੋਵੇਗਾ। ਤੁਸੀਂ ਸ਼ਿਵ ਸ਼ਕਤੀ ਸੈਨਾ ਹੋ। ਤੁਹਾਨੂੰ ਸਮਝਾਉਣ ਵਿੱਚ ਬੜਾ ਸਹਿਜ ਹੈ। ਉਹਨਾਂ ਨੇ ਭਾਰਤ ਨੂੰ ਸੁਤੰਤਰ ਕਰਾਉਣ ਵਿੱਚ ਕਿੰਨਾ ਸਹਿਣ ਕੀਤਾ। ਅਬਲਾਵਾਂ ਵੀ ਜੇਲ੍ਹ ਆਦਿ ਵਿੱਚ ਗਈਆਂ। ਜਾਸਤੀ ਦੁੱਖ, ਪੁਰਸ਼ਾ ਨੇ ਉਠਾਇਆ ਸੀ। ਹੁਣ ਤੁਸੀਂ ਮਾਤਾਵਾਂ ਨੂੰ ਵੀ ਬਹੁਤ ਦੁੱਖ ਸਹਿਣ ਕਰਨਾ ਪੈਂਦਾ ਹੈ ਦੁੱਖ ਦੇ ਕਾਰਨ।

ਤੁਸੀਂ ਸਮਝਾ ਸਕਦੇ ਹੋ ਬਾਪ ਆਇਆ ਹੈ ਨਵੀਂ ਸ੍ਰਿਸ਼ਟੀ ਰਚਣ। ਤਾਂ ਪਹਿਲੇ - ਪਹਿਲੇ ਬ੍ਰਾਹਮਣ ਚਾਹੀਦੇ ਹਨ। ਵੰਸ਼ਾਵਲੀ ਬ੍ਰਾਹਮਣ ਫਿਰ ਤੁਸੀਂ ਦੈਵੀ ਮਤਲਬ ਵਿਸ਼ਨੂੰ ਦੀ ਵੰਸ਼ਾਵਲੀ ਬਣਦੇ ਹੋ। ਇਹ ਬੁੱਧੀ ਵਿੱਚ ਰਹਿਣਾ ਚਾਹੀਦਾ ਹੈ। ਬਰੋਬਰ ਅਸੀਂ ਬਾਬਾ ਦੇ ਨਾਲ ਮਦਦਗਾਰ ਹਾਂ। ਸ਼੍ਰੀਮਤ ਤੇ ਤਾਂ ਹਜ਼ਾਰਾਂ ਲੱਖਾਂ ਨੂੰ ਚਲਣਾ ਹੈ। ਬਾਪੂ ਦੀ ਵੀ ਬੜੀ ਸੈਨਾ ਸੀ। ਉਹਨਾਂ ਵਿੱਚ ਵੀ ਕਈ ਚੰਗੇ ਨਾਮੀਗ੍ਰਾਮੀ ਸਨ, ਕੋਈ ਕਿਵੇਂ ਸੀ। ਉਸ ਬਾਪੂ ਨੇ ਫ਼ਿਰੰਗੀਆਂ (ਅੰਗਰੇਜ਼ਾਂ) ਤੋਂ ਛੁਡਾਇਆ। ਹੁਣ ਤੁਹਾਨੂੰ ਰਾਵਣ ਦੁਸ਼ਮਣ ਤੋਂ ਛੁਡਾਉਣ ਲਈ ਸ਼੍ਰੀਮਤ ਦੇ ਰਹੇ ਹਨ। ਜਿਵੇਂ ਉਹ ਕਹਿੰਦੇ ਹਨ ਅਸੀਂ ਸਵਰਾਜ ਸਥਾਪਨ ਕਰਦੇ ਹਾਂ। ਤੁਹਾਡੀ ਬੁੱਧੀ ਵਿੱਚ ਹੈ ਅਸੀਂ ਸ਼੍ਰੀਮਤ ਤੇ ਦੈਵੀ ਸਵਰਾਜ ਸਥਾਪਨ ਕਰ ਰਹੇ ਹਾਂ। ਕਦਮ - ਕਦਮ ਤੇ ਸ਼੍ਰੀਮਤ ਲੈਣੀ ਪੈਂਦੀ ਹੈ। ਸ਼੍ਰੀਮਤ ਨਾਲ ਸ਼੍ਰੇਸ਼ਠ ਬਣਾਂਗੇ। ਹਰ ਇੱਕ ਦਾ ਕਰਮਬੰਧੰਨ ਆਪਣਾ - ਆਪਣਾ ਹੈ। ਕਰਮਾਤੀਤ ਅਵਸਥਾ ਪਾਉਣ ਦੇ ਲਈ ਅੰਤ ਤੱਕ ਪੁਰਸ਼ਾਰਥ ਕਰਨਾ ਪੈਂਦਾ ਹੈ। ਕਰਮਾਤੀਤ ਅਵਸਥਾ ਹਾਲੇ ਆਈ ਨਹੀਂ ਹੈ। ਅਜੁਨ ਬਹੁਤ ਪੁਰਸ਼ਾਰਥ ਕਰਨਾ ਹੈ। ਕਰਮਾਤੀਤ ਅਵਸਥਾ ਉਹ ਜਿਸ ਵਿੱਚ ਸ਼ਰੀਰ ਨੂੰ ਕੋਈ ਵੀ ਦੁੱਖ ਨਾ ਹੋਵੇ। ਪੁਰਾਣੇ ਸ਼ਰੀਰ ਨੂੰ ਤਾਂ ਅੰਤ ਤੱਕ ਦੁੱਖ ਹੁੰਦਾ ਹੀ ਹੈ। ਇਵੇਂ ਨਹੀਂ ਕਿ ਸਭ ਸੰਪੂਰਨ ਹੋ ਚੁੱਕੇ ਹਨ। ਕਰਮਭੋਗ ਚੁਕਤੂ ਕਰਨਾ ਹੈ। ਕਰਮਾਤੀਤ ਅਵਸਥਾ ਜਦੋਂ ਤੱਕ ਹੋਵੇ ਉਦੋਂ ਤੱਕ ਮਾਇਆ ਦੇ ਤੂਫ਼ਾਨ, ਕਰਮਾਂ ਦਾ ਹਿਸਾਬ - ਕਿਤਾਬ ਦੀ ਭੋਗਣਾ ਚਲੀ ਆਏਗੀ। ਉਸਦਾ ਫ਼ਿਕਰ ਨਹੀਂ ਕਰਨਾ ਹੈ। ਬਾਪ ਨੂੰ ਯਾਦ ਕਰਨਾ ਹੈ। ਬਾਪ ਕਹਿੰਦੇ ਹਨ ਦੇਹੀ - ਅਭਿਮਾਨੀ ਭਵ। ਇਹ ਅੱਖਰ ਹੁਣ ਦੇ ਹੀ ਹਨ ਜੋ ਗਾਏ ਜਾਂਦੇ

ਹਨ। ਮਨੁੱਖ ਤਾਂ ਜਾਣਦੇ ਨਹੀਂ ਕਿ ਇਸਦਾ ਅਰਥ ਕੀ ਹੈ? ਹੁਣ ਤੁਸੀਂ ਜਾਣਦੇ ਹੋ - ਸੋਲ ਕਾਂਨਸੇਸ ਨਾਲ ਅਸੀਂ ਇਕੱਲੇ ਹੋਕੇ ਬਾਪ ਨੂੰ ਯਾਦ ਕਰ ਸਕਦੇ ਹਾਂ। ਹੁਣ ਸੋਲ ਕਾਂਨਸੇਸ ਬਣਨਾ ਹੈ। ਪੁਰਸ਼ਾਰਥ ਕਰਨਾ ਹੈ - ਮੈਂ ਆਤਮਾ ਹਾਂ, ਬਾਪ ਨੂੰ ਯਾਦ ਕਰਦੀ ਹਾਂ। ਸਰਵਵਿਆਪੀ ਕਹਿਣ ਨਾਲ ਅਸੀਂ ਕਿਸਨੂੰ ਯਾਦ ਕਰੀਏ? ਬਾਪ ਨੇ ਸਮਝਾਇਆ ਹੈ ਸ਼ਾਂਤੀ ਦੇ ਲਈ ਕਿਧਰੇ ਜਾਣਾ ਨਹੀਂ ਹੈ। ਕਰਮ ਤਾਂ ਕਰਨਾ ਹੀ ਹੈ। ਅਸ਼ਰੀਰੀ ਹੋਕੇ ਰਹਿਣਾ ਹੈ। ਅਸੀਂ ਆਤਮਾ ਹਾਂ, ਇਹ ਆਰਗੰਜ਼ ਹਨ। ਆਤਮਾ ਦਾ ਤੇ ਸਵਧਰਮ ਹੈ ਹੀ ਸ਼ਾਂਤ। ਅਸੀਂ ਵਾਜਾ ਨਹੀਂ ਵਜਾਉਂਦੇ। ਉਹ ਸੰਨਿਆਸੀ ਆਦਿ ਤੇ ਹਠਯੋਗ ਕਰਦੇ ਹਨ, ਪ੍ਰਣਾਯਾਮ ਚੜਾਉਂਦੇ ਹਨ। ਫਿਰ ਅਭਿਆਸ ਕਰਦੇ ਹਨ, ਖੁੱਡੇ ਵਿੱਚ ਜਾਕੇ ਅਨੇਕ ਕੋਸ਼ਿਸ਼ ਕਰਦੇ ਹਨ। ਇੱਥੇ ਹਠਯੋਗ ਦੀ ਕੋਈ ਗੱਲ ਨਹੀਂ। ਸਿਰਫ਼ ਨਾਲੇਜ਼ ਨੂੰ ਸਮਝਣਾ ਹੈ। ਗੋਡ ਫ਼ਾਦਰ ਦੀ ਨਾਲੇਜ ਨੂੰ ਕੋਈ ਨਹੀਂ ਜਾਣਦੇ। ਜਾਂ ਤਾਂ ਕਹਿ ਦਿੰਦੇ ਗੋਡ ਫ਼ਾਦਰ ਤੇ ਸਰਵਵਿਆਪੀ ਹਨ। ਇਸਨੂੰ ਹੀ ਕਿਹਾ ਜਾਂਦਾ ਹੈ ਮਿੱਥਿਆ ਗਿਆਨ। ਤੁਸੀਂ ਹੁਣ ਫ਼ਾਦਰ ਨੂੰ ਜਾਣਦੇ ਹੋ। ਸਭ ਦਾ ਫ਼ਾਦਰ ਇੱਕ ਹੀ ਹੈ। ਉਹ ਹੀ ਆਕੇ ਸ੍ਰਿਸ਼ਟੀ ਨੂੰ ਪਤਿਤ ਤੋਂ ਪਾਵਨ ਬਣਾਉਂਦੇ ਹਨ। ਤੁਸੀਂ ਬਾਪ ਦੇ ਨਾਲ ਮਦਦਗਾਰ ਹੋ। ਪਤਿਤ ਤੋਂ ਪਾਵਨ ਬਣ ਫਿਰ ਪਾਵਨ ਦੁਨੀਆਂ ਵਿੱਚ ਜਾਵੋਗੇ। ਉੱਥੇ ਪਾਵਨ ਦੈਵੀ ਰਾਜ ਚੱਲਦਾ ਹੈ। ਪਾਵਨ ਦੁਨੀਆਂ ਦੇ ਲਈ ਤੁਸੀਂ ਰਾਜਯੋਗ ਸਿੱਖ ਰਹੇ ਹੋ। ਫਿਰ ਟੀਚਰ ਬਣ ਤੁਹਾਨੂੰ ਸ੍ਰਿਸ਼ਟੀ ਚੱਕਰ ਦਾ ਗਿਆਨ ਦਿੰਦੇ ਹਨ। ਜਿਸ ਨਾਲ ਤੁਸੀਂ ਸਵਦਰਸ਼ਨ ਚੱਕਰਧਾਰੀ ਬਣ ਚੱਕਰਵਰਤੀ ਰਾਜਾ - ਰਾਣੀ ਬਣਦੇ ਹੋ। ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਹੋਏ ਇਸ ਅਵਸਥਾ ਨੂੰ ਜਮਾਉਣਾ ਹੈ। ਤੁਹਾਨੂੰ ਕਿੰਨਾ ਸਹਿਣ ਕਰਨਾ ਪੈਂਦਾ ਹੈ! ਮਾਰ ਖਾਂਦੇ ਹਨ, ਇਸ ਯੱਗ ਵਿੱਚ ਅਸੁਰਾਂ ਦੇ ਕਿੰਨੇ ਵਿਘਣ ਪੈਂਦੇ ਹਨ! ਅਬਲਾਵਾਂ ਤੇ ਅਤਿਆਚਾਰ ਹੁੰਦੇ ਹਨ - ਵਿਕਾਰ ਦੇ ਕਾਰਨ। ਕਾਂਗਰੇਸੀ ਉਸ ਜੇਲ੍ਹ ਵਿੱਚ ਜਾਂਦੇ ਸੀ ਤੁਸੀਂ ਫਿਰ ਕੰਸ - ਜਰਾਸੰਧਿਆ ਦੀ ਜੇਲ ਵਿੱਚ ਬੰਧ ਹੁੰਦੀਆਂ ਹੋ। ਥੋੜ੍ਹਾ ਸਹਿਜ ਕਰਨਾ ਪੈਂਦਾ ਹੈ। ਪਾਵਨ ਬਣਨ ਵਿੱਚ ਮੈਜਾਰਿਟੀ ਤੁਹਾਡੀ ਹੈ। ਹਾਂ, ਕੋਈ ਕਮਜ਼ੋਰ ਪੁਰਸ਼ ਹੁੰਦੇ ਹਨ ਤਾਂ ਫਿਰ ਇਸਤਰੀ ਨੂੰ ਸਹਿਣ ਕਰਨਾ ਪੈਂਦਾ ਹੈ। ਨਹੀਂ ਤਾਂ ਭਾਰਤਵਾਸੀਆਂ ਦਾ ਕ਼ਾਇਦਾ ਹੈ 60 ਵਰ੍ਹੇ ਦੇ ਬਾਅਦ ਵਾਨਪ੍ਰਸਥ ਅਵਸਥਾ ਨੂੰ ਧਾਰਨ ਕਰਨਾ। ਫਿਰ ਗ੍ਰਹਿਸਤ ਨੂੰ ਛੱਡ ਚਾਬੀ ਬੱਚਿਆਂ ਨੂੰ ਦੇ ਦਿੰਦੇ ਹਨ ਕਿ ਸੰਭਾਲਦੇ ਰਹੋ। ਸਪੂਤ ਬੱਚੇ ਚੰਗੀ ਤਰ੍ਹਾਂ ਸੰਭਾਲਦੇ ਹਨ। ਬਾਪ ਨੇ ਸੇਵਾ ਕਰ ਵੱਡਾ ਬਣਾਇਆ, ਫਿਰ ਬੱਚਿਆਂ ਦਾ ਫਰਜ਼ ਹੈ ਸੰਭਾਲਣਾ। ਕਹਿਣਗੇ - ਤੁਸੀਂ ਸਤਿਸੰਗ ਆਦਿ ਕਰੋ, ਅਸੀਂ ਸੰਭਾਲ ਕਰਦੇ ਰਹਾਂਗੇ। ਅੱਜਕਲ ਬੱਚੇ ਵੀ ਦੁਸ਼ਮਣ ਬਣ ਜਾਂਦੇ ਹਨ। ਤੁਸੀਂ ਬੱਚਿਆਂ ਦੀ ਯੁੱਧ ਹੈ ਮਾਇਆ ਰਾਵਣ ਦੇ ਨਾਲ। ਉਹਨਾਂ ਨੇ ਫ਼ਿਰੰਗੀਆਂ ਤੋਂ ਲਿਬ੍ਰੇਟ ਕੀਤਾ- ਗਾਂਧੀ ਦੀ ਮਤ ਨਾਲ।

ਤੁਹਾਡੇ ਤੇ ਮਾਇਆ ਰਾਵਣ ਨੇ 2500 ਵਰ੍ਹੇ ਰਾਜ ਕੀਤਾ ਹੈ। ਮਾਇਆ ਬੜੀ ਬਲਵਾਨ ਹੈ। ਉਹਨਾਂ ਨੂੰ ਤਾਂ ਲਿਬ੍ਰੇਟ ਕਰਨ ਵਿੱਚ 40 -50 ਵਰ੍ਹੇ ਲੱਗੇ। ਮਿਹਨਤ ਲੱਗਦੀ ਹੈ। ਇੱਥੇ ਵੀ ਤੁਸੀਂ ਸ਼੍ਰੀਮਤ ਨਾਲ ਜਿੱਤ ਪਾਉਂਦੇ ਹੋ। ਰਾਵਣ ਤੁਹਾਡਾ ਬੜਾ ਪੁਰਾਣਾ ਦੁਸ਼ਮਣ ਹੈ। ਤੁਹਾਨੂੰ ਗੋਲੀ ਮਾਰ੍ਹੀ ਹੈ ਮਾਇਆ ਦੁਸ਼ਮਣ। ਕਾਮ ਦਾ ਹੈ ਸਭ ਤੋਂ ਵੱਡਾ ਬੰਬ। ਮਾਇਆ ਤੋਂ ਬੜਾ ਖ਼ਬਰਦਾਰ ਰਹਿਣਾ ਹੈ। ਬਾਬਾ ਕਹਿੰਦੇ ਹਨ ਜਿਨਾਂ ਤੁਸੀਂ ਯਾਦ ਕਰੋਂਗੇ ਓਨਾ ਖੁਸ਼ੀ ਦਾ ਪਾਰਾ ਚੜੇਗਾ। ਤੁਸੀਂ ਜਾਣਦੇ ਹੋ ਅਸੀਂ ਈਸ਼ਵਰ ਦੀ ਔਲਾਦ ਬਣੇ ਹਾਂ। ਸ਼੍ਰੀਮਤ ਨਾਲ ਸਵਰਾਜ ਸਥਾਪਨ ਕਰਦੇ ਹਾਂ - 21 ਜਨਮਾਂ ਦੇ ਲਈ। ਕਾਂਗ੍ਰਿਸੀਆਂ ਨੇ ਸਵਰਾਜ ਲਿਆ ਅਲਪਕਾਲ ਦੇ ਲਈ। ਉਹ ਕੋਈ ਸਵਰਾਜ ਨਹੀਂ ਹੈ, ਹੋਰ ਹੀ ਮੁਸੀਬਤ ਹੈ। ਪਰ ਇਹ ਤੁਸੀਂ ਜਾਣਦੇ ਹੋ ਮ੍ਰਿਗ ਤ੍ਰਿਸ਼ਣਾ ਦੇ ਸਮਾਨ ਰਾਜ ਮਿਲਿਆ ਹੋਇਆ ਹੈ। ਕਾਂਗ੍ਰੇਸ ਕਿਵੇਂ ਬਣੀ - ਇਹ ਕੋਈ ਗੀਤਾ - ਭਗਵਤ ਵਿੱਚ ਨਹੀਂ ਹੈ। ਹੁਣ ਤੁਸੀਂ ਸਮਝਦੇ ਹੋ ਉਹਨਾਂ ਨੂੰ ਤੇ ਕੁਝ ਨਹੀਂ ਮਿਲਿਆ। ਕਰਕੇ ਐਮ.ਪੀ. ਆਦਿ ਬਣੇ, ਸੋ ਵੀ ਅਲਪਕਾਲ ਸ਼ਨਭੰਗੁਰ ਦੇ ਲਈ। ਹੁਣ ਤਾਂ ਸਭ ਦੁਖੀ ਹਨ। ਅਸੀਂ ਸਵਰਗ ਦੀ ਸਥਾਪਨਾ ਕਰ ਰਹੇ ਹਾਂ। ਡਰਾਮੇ ਵਿੱਚ ਵਿਜੇ ਤਾਂ ਤੁਹਾਡੀ ਨੂੰਧੀ ਹੋਈ ਹੈ। ਤੁਸੀਂ ਰਾਜਯੋਗ ਸਿੱਖ ਰਹੇ ਹੋ। ਜਾਣਦੇ ਹੋ ਅਸੀਂ ਸੂਰਜਵੰਸ਼ੀ ਬਣਾਂਗੇ। ਬਾਬਾ ਪੁੱਛਦੇ ਹਨ ਤੁਸੀਂ ਸੂਰਜਵੰਸ਼ੀ ਬਣਨ ਦੇ ਲਈ ਪੁਰਸ਼ਾਰਥ ਕਰਦੇ ਹੋ ਜਾਂ ਚੰਦਰਵੰਸ਼ੀ ਬਣਨ ਦੇ ਲਈ? ਤਾਂ ਕਹਿੰਦੇ ਹਨ ਅਸੀਂ ਸੂਰਜਵੰਸ਼ੀ ਦਾ ਕਰਦੇ ਹਾਂ। ਮੰਮਾ - ਬਾਬਾ ਕਹਿਣ ਵਾਲੇ ਤਾਂ ਜਰੂਰ ਸੂਰਜਵੰਸ਼ੀ ਹੀ ਬਣਨਗੇ। ਇਸਨੂੰ ਕਿਹਾ ਜਾਂਦਾ ਹੈ ਫਾਲੋ ਫਾਦਰ - ਮਦਰ। ਮਾਤ - ਪਿਤਾ ਹਨ ਨਾ। ਇਹ ਸੂਰਜਵੰਸ਼ੀ ਮਹਾਰਾਜਾ - ਮਹਾਰਾਣੀ ਬਣਦੇ ਹਨ। ਇਹ ਤਾਂ ਸਭਨੂੰ 100 ਪ੍ਰਤੀਸ਼ਤ ਨਿਸ਼ਚੇ ਹੈ। ਮਾਤ - ਪਿਤਾ ਬੱਚਿਆਂ ਨੂੰ ਕਹਿੰਦੇ ਹਨ ਤੁਹਾਨੂੰ ਵੀ ਪੁਰਸ਼ਾਰਥ ਕਰ ਤਖ਼ਤਨਸ਼ੀਨ ਬਣਨਾ ਚਾਹੀਦਾ ਹੈ। ਪੁਰਸ਼ਾਰਥ ਕਰਕੇ ਫਾਲੋ ਕਰਨਾ ਚਾਹੀਦਾ ਹੈ।

ਕੋਈ ਸ਼ੁਭ ਬੋਲਦੇ ਹਨ ਤਾਂ ਕਿਹਾ ਜਾਂਦਾ ਹੈ - ਚੰਗਾ, ਤੁਹਾਡੇ ਮੁਖ ਵਿੱਚ ਗੁਲਾਬ। ਅਰੇ, ਸੂਰਜਵੰਸ਼ੀ ਬਣਨਾ ਕੋਈ ਘੱਟ ਗੱਲ ਥੋੜੀ ਹੀ ਹੈ! ਕਿੰਨੇ ਹੀਰੇ - ਜਵਾਹਰਾਤਾਂ ਨਾਲ ਸਜੇ ਹੋਏ ਮਹਿਲ ਹੋਣਗੇ! ਕਿੰਨੀ ਉੱਚ ਪਦਵੀ ਹੈ! ਵਿਚਾਰ ਕਰਨ ਵਿੱਚ ਰੋਮਾਂਚ ਖੜੇ ਹੋ ਜਾਂਦੇ ਹਨ। ਬਾਬਾ ਸਾਨੂੰ ਕਿੰਨਾ ਉੱਚਾ ਬਣਾਉਂਦੇ ਹਨ! ਅਸੀਂ ਤਾਂ ਕੁਝ ਵੀ ਨਹੀਂ ਜਾਣਦੇ ਸੀ। ਗਾਂਵੜੇ ਦਾ ਛੋਰਾ ਗਾਇਆ ਹੋਇਆ ਹੈ ਨਾ। ਗਾਂਵੜੇ ਦਾ ਛੋਰਾ ਕੋਈ ਸ਼੍ਰੀਕ੍ਰਿਸ਼ਨ ਨਹੀਂ ਸੀ। ਇੱਥੇ ਗਾਂਵ ਵਾਲੇ ਕਿੰਨੇ ਆਏ ਹਨ! ਗਰੀਬਾਂ ਦਾ ਸੋਭਾਗ ਹੈ। ਸਾਹੂਕਾਰਾਂ ਦਾ ਤੇ ਹਿਰਦੈ ਵਦੀਰਨ ਹੋ ਜਾਂਦਾ ਹੈ। ਬਾਪ ਕਹਿੰਦੇ ਹਨ ਮੈਂ ਹਾਂ ਹੀ ਗ਼ਰੀਬ ਨਿਵਾਜ਼। ਦੇਖਦੇ ਹੋ ਕੌਣ - ਕੌਣ ਆਉਂਦੇ ਹਨ ਵਰਸਾ ਲੈਣ। ਤਾਂ ਕੋਈ ਵੀ ਮਿਲੇ - ਬੋਲੋ, ਅਸੀਂ ਭਾਰਤ ਦੀ ਸਰਵਿਸ ਵਿੱਚ ਹਾਂ। ਤਨ - ਮਨ -ਧਨ ਨਾਲ ਭਾਰਤ ਨੂੰ ਸਵਰਗ ਬਣਾਉਣ ਦੀ ਸੇਵਾ ਕਰਦੇ ਹਾਂ। ਤਾਂ ਕੋਈ ਵੀ ਇਨਕਮਟੈਕਸ ਵਾਲਾ ਆਫ਼ਿਸਰ ਹੋਵੇਗਾ। ਤੁਹਾਨੂੰ ਝੱਟ ਮਾਫ਼ ਕਰ ਦਵੇਗਾ। ਉਸ ਗੌਰਮਿੰਟ ਦੇ ਕੋਲ ਤਾਂ ਬਹੁਤ ਪੈਸੇ ਬਰਬਾਦ ਹੁੰਦੇ ਹਨ। ਤੁਹਾਡੇ ਪੈਸੇ ਤਾਂ ਭਾਰਤ ਨੂੰ ਆਬਾਦ ਕਰਦੇ ਹਨ। ਕਿੰਨਾ ਫ਼ਰਕ ਹੈ? ਕਿਸੇਨੂੰ ਵੀ ਸਮਝਾਓ ਤਾਂ ਉਹ ਚਕ੍ਰਿਤ ਹੋ ਜਾਏ - ਓਹੋ! ਇਹ ਤਾਂ ਬੜੀ ਭਾਰੀ ਸਰਵਿਸ ਕਰਨ ਵਾਲੇ ਹਨ। ਇਵੇਂ ਦੀ ਸਰਵਿਸ ਕਰੋ। ਬਹੁਤ - ਬਹੁਤ ਮਿੱਠੇ ਬਣੋ। ਸੱਚੇ ਸਾਹਿਬ ਨਾਲ ਸੱਚਾ ਹੋਕੇ ਰਹਿਣਾ ਹੈ ।ਸੱਚੇ ਸਾਹਿਬ ਨੂੰ ਯਾਦ ਵੀ ਕਰਨਾ ਹੈ। ਜੇਕਰ ਸੱਚਖੰਡ ਦਾ ਮਾਲਿਕ ਬਣਨਾ ਹੈ ਤਾਂ ਸੱਚੇ ਬਾਬਾ ਨੂੰ ਨਿਰੰਤਰ ਯਾਦ ਕਰਨ ਦਾ ਅਭਿਆਸ ਕਰਨਾ ਹੈ। ਸਿਮਰ - ਸਿਮਰ ਸੁਖ ਪਾਓ। ਅਜਿਹਾ ਹੋਰ ਕੋਈ ਨਹੀਂ ਜਿਸਦੇ ਕਲਹ - ਕਲੇਸ਼ ਮਿਟੇ ਹੋਏ ਹੋਣ। ਕੁਝ ਨਾ

ਕੁਝ ਬਿਮਾਰੀ ਆਦਿ ਹੁੰਦੀ ਰਹਿੰਦੀ ਹੈ। ਉੱਥੇ ਤੁਹਾਨੂੰ ਕੁਝ ਵੀ ਨਹੀਂ ਹੋਵੇਗਾ। ਬਾਪ ਅਜਿਹਾ ਨੇਚਰ ਕਿਓਰ ਕਰ ਦਿੰਦੇ ਹਨ ਜੋ ਤੁਸੀਂ ਕਦੀ ਰੋਗੀ ਨਹੀਂ ਬਣੋਂਗੇ। 21ਜਨਮ ਤੁਸੀਂ ਨਿਰੋਗੀ ਬਣ ਜਾਂਦੇ ਹੋ। ਤਾਂ ਇੰਨੇ ਨਸ਼ੇ ਵਿੱਚ ਰਹਿਣਾ ਚਾਹੀਦਾ ਹੈ। ਫ਼ਰਕ ਸਮਝਾਓ - ਪਾਂਡਵ - ਕੌਰਵ ਕੀ ਕਰਦੇ ਭਏ …। ਉਸ ਬਾਪੂ ਜੀ ਨੇ ਕੀ ਕੀਤਾ, ਇਹ ਬੇਹੱਦ ਦਾ ਬਾਪੂ ਜੀ ਕੀ ਕਰਦੇ ਹਨ? ਬਾਪ ਤੁਹਾਨੂੰ ਰਾਵਣ ਦੀ ਜੰਜੀਰਾਂ ਤੋਂ ਛੁਡਾਉਂਦੇ ਹਨ। ਉਸ ਬਾਪ ਨੂੰ ਯਾਦ ਕਰਨ ਨਾਲ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਉਹ ਬਾਪ ਵੀ ਹੈ, ਟੀਚਰ ਵੀ ਹਨ, ਸਤਿਗੁਰੂ ਵੀ ਹਨ। ਜਨਮ - ਜਨਮਾਂਤਰ ਦੇ ਪਾਪ ਸਿਰ ਤੇ ਹਨ। ਉਹਨਾਂ ਤੋਂ ਪਾਵਨ ਬਣਨ ਦਾ ਉਪਾਏ ਇੱਕ ਹੀ ਹੈ। ਉਹ ਪਾਣੀ ਦੀ ਗੰਗਾ ਕਿਸੇ ਨੂੰ ਪਾਵਨ ਨਹੀਂ ਕਰ ਸਕਦੀ। ਇਹ ਬਾਪ ਦੀ ਯਾਦ ਪਾਵਨ ਬਣਾਉਂਦੀ ਹੈ। ਇਵੇਂ ਨਹੀਂ ਕਿ ਨੇਸ਼ਟਾ ਵਿੱਚ ਬੈਠੋਂ। ਹਾਂ, ਬੈਠਣਾ ਵੀ ਚੰਗਾ ਹੈ। ਇੱਕ - ਦੋ ਦੇ ਬਲ ਨਾਲ ਬੈਠ ਜਾਣਗੇ। ਪਰ ਬਾਬਾ ਕਹਿੰਦੇ ਹਨ - ਕਿਵੇਂ ਵੀ ਬੈਠੋ, ਯਾਦ ਤਾਂ ਚਲਦੇ - ਚਲਦੇ ਕੰਮ ਕਰਦੇ ਕਰਨਾ ਹੈ। ਉਸ ਸਕੂਲ ਵਿੱਚ ਟੀਚਰ ਪੜ੍ਹਾਉਂਦੇ ਹਨ ਤਾਂ ਸਟੂਡੈਂਟ ਨੂੰ ਟੀਚਰ ਨੂੰ ਜਰੂਰ ਯਾਦ ਕਰਨਾ ਪਵੇ। ਬੱਚਿਆਂ ਦੀ ਬੁੱਧੀ ਵਿੱਚ ਇਹ ਬੈਠ ਜਾਣਾ ਚਾਹੀਦਾ ਹੈ ਕਿ ਸਾਨੂੰ ਬਾਬਾ ਪੜ੍ਹਾਉਂਦੇ ਹਨ। ਇਵੇਂ ਦਾ ਕੋਈ ਨਹੀਂ ਜੋ ਬਾਪ - ਟੀਚਰ ਨੂੰ ਯਾਦ ਨਹੀਂ ਕਰੇ। ਤੁਸੀਂ ਜਾਣਦੇ ਹੋ ਹੁਣ ਵਾਪਿਸ ਜਾਣਾ ਹੈ ਤਾਂ ਸਤਿਗੁਰੂ ਨੂੰ ਵੀ ਯਾਦ ਕਰਨਾ ਪਵੇ। ਤੁਸੀਂ ਵੰਡਰਫੁੱਲ ਗੱਲਾਂ ਸੁਣਾਉਂਦੇ ਹੋ। ਸਾਡਾ ਬਾਪ, ਟੀਚਰ, ਸਤਿਗੁਰੂ - ਸਤ ਬਾਪ, ਸਤ ਟੀਚਰ, ਸਤ ਗੁਰੂ ਹਨ। ਸਤ ਦਾ ਸੰਗ ਹੀ ਤਾਰਦਾ ਹੈ ਮਤਲਬ ਮੁਕਤੀ - ਜੀਵਨਮੁਕਤੀ ਵਿੱਚ ਲੈ ਜਾਂਦਾ ਹੈ। ਇਸ ਪੁਰਾਣੀ ਦੁਨੀਆਂ ਤੋਂ ਸਭ ਵਾਪਿਸ ਜਾਣਗੇ। ਫਿਰ ਆਕੇ ਨਵੀਂ ਦੁਨੀਆਂ ਦੁਨੀਆਂ ਵਿੱਚ ਰਾਜ ਕਰਨਗੇ। ਤੁਹਾਡੀ ਇਹ ਰੇਸ ਹੈ, ਬੇਹੱਦ ਦੀ ਘੁੜਦੌੜ ਹੈ। ਸਭ ਕਹਿੰਦੇ ਹਨ ਪਹਿਲਾਂ ਪਹੁੰਚੀਏ, ਤਾਂ ਯਾਦ ਕਰਨਾ ਪਵੇ। ਸਟੂਡੈਂਟ ਨੂੰ ਦੋੜਾਇਆ ਜਾਂਦਾ ਹੈ। ਜਿਨ੍ਹਾਂ ਪੁਰਸ਼ਾਰਥ ਕਰਨਗੇ ਓਨਾ ਵਿਜੇ ਮਾਲਾ ਵਿੱਚ ਪਿਰੋਏ ਜਾਣਗੇ। ਅੱਛਾ!

ਮਾਤਾ - ਪਿਤਾ ਬਾਪਦਾਦਾ ਦਾ ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਦਿਲ ਵਾ ਜਾਨ ਸਿਕ ਵਾ ਪੇਮ ਨਾਲ ਯਾਦਪਿਆਰ। ਤੁਸੀਂ ਬਹੁਤ ਪਿਆਰੇ ਬਣਦੇ ਹੋ। ਹਮ ਸੋ ਪੂਜਯ ਦੇਵੀ - ਦੇਵਤੇ ਸੀ ਫਿਰ ਅਸੀਂ ਪੂਜਯ ਦੋ ਕਲਾ ਘੱਟ ਸ਼ਤ੍ਰੀ ਚੰਦਰਵੰਸ਼ੀ ਬਣੇ। ਫਿਰ ਅਸੀਂ ਪੁਜਾਰੀ ਵੈਸ਼ ਵੰਸ਼ੀ, ਸ਼ੂਦਰਵੰਸ਼ੀ ਬਣੇ। ਹੁਣ ਫਿਰ ਅਸੀਂ ਪੁਜਾਰੀ ਤੋਂ ਪੂਜਯ ਬਣ ਰਹੇ ਹਾਂ ਸ਼੍ਰੀਮਤ ਨਾਲ। ਇਹ ਚੱਕਰ ਬੁੱਧੀ ਵਿੱਚ ਫਿਰਾਉਣਾ ਹੈ। ਅੱਛਾ - ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਭਾਰਤ ਨੂੰ ਆਬਾਦ ਕਰਨ ਵਿੱਚ ਆਪਣਾ ਤਨ-ਮਨ -ਧਨ ਸਭ ਸਫ਼ਲ ਕਰਨਾ ਹੈ। ਬਹੁਤ -ਬਹੁਤ ਮਿੱਠੇ ਬਣ ਸੇਵਾ ਕਰਨੀ ਹੈ। ਸੱਚਖੰਡ ਸਥਾਪਨ ਕਰਨ ਦੇ ਲਈ ਸੱਚਾ ਬਣਨਾ ਹੈ।

2. ਵਿਜੇ ਮਾਲਾ ਵਿੱਚ ਪਿਰੋਣ ਦੇ ਲਈ ਯਾਦ ਦੀ ਰੇਸ ਕਰਨੀ ਹੈ। ਚੱਲਦੇ - ਫਿਰਦੇ ਕੰਮ ਕਰਦੇ ਬਾਪ - ਟੀਚਰ - ਸਤਿਗੁਰੂ ਨੂੰ ਯਾਦ ਕਰਨਾ ਹੈ।

ਵਰਦਾਨ:- ਤਿਆਗ ਅਤੇ ਤਪੱਸਿਆ ਦੇ ਸਹਿਯੋਗ ਨਾਲ ਸੇਵਾ ਵਿੱਚ ਸਫ਼ਲਤਾ ਪ੍ਰਾਪਤ ਕਰਨ ਵਾਲੇ ਨਿਰੰਤਰ ਤੱਪਸਵੀਮੂਰਤ ਭਵ

ਸੇਵਾਧਾਰੀ ਮਤਲਬ ਤਿਆਗ ਅਤੇ ਤਪਸਵੀਮੂਰਤ ਤਿਆਗ ਅਤੇ ਤਪੱਸਿਆ ਦੋਨਾਂ ਦੇ ਸਹਿਯੋਗ ਨਾਲ ਸੇਵਾ ਵਿੱਚ ਸਦਾ ਸਫ਼ਲਤਾ ਮਿਲਦੀ ਹੈ। ਤਪੱਸਿਆ ਹੈ ਹੀ ਇੱਕ ਬਾਪ ਦੂਸਰਾ ਨਾ ਕੋਈ, ਇਹ ਹੀ ਨਿਰੰਤਰ ਦੀ ਤਪੱਸਿਆ ਕਰਦੇ ਰਹੋ ਤਾਂ ਤੁਹਾਡਾ ਸੇਵਾਸਥਾਨ ਤਪੱਸਿਆਕੁੰਡ ਬਣ ਜਾਏਗਾ। ਇਵੇਂ ਦੇ ਤਪੱਸਿਆਕੁੰਡ ਬਣਾਓ ਤਾਂ ਪਰਵਾਨੇ ਆਪ ਹੀ ਆਉਣਗੇ। ਮਨਸਾ ਸੇਵਾ ਨਾਲ ਸ਼ਕਤੀਸ਼ਾਲੀ ਆਤਮਾਵਾਂ ਪ੍ਰਤੱਖ ਹੋਵੇਗੀ। ਹੁਣ ਮਨਸਾ ਦਵਾਰਾ ਧਰਨੀ ਨੂੰ ਪਰਿਵਰਤਨ ਕਰੋ - ਇਹ ਹੀ ਵਿਧੀ ਹੈ ਵ੍ਰਿਧੀ ਕਰਨ ਦੀ।

ਸਲੋਗਨ:- ਨਮਰਤਾ ਅਤੇ ਧੀਰਜ਼ ਦੀ ਸ਼ਕਤੀ ਨਾਲ ਕ੍ਰੋਧ ਅਗਨੀ ਨੂੰ ਸ਼ਾਂਤ ਬਣਾ ਦੋ।

******

ਇਸ ਮਹੀਨੇ ਦੀ ਸਭ ਮੁਰਲੀਆਂ (ਈਸ਼ਵਰੀ ਮਹਾਂਵਾਕ) ਨਿਰਾਕਾਰ ਸ਼ਿਵ ਨੇ ਬਰ੍ਹਮਾ ਮੁਖਕਮਲ ਤੋਂ ਆਪਣੇ ਬ੍ਰਹਮਾਵਤਸਾ ਮਤਲਬ ਬ੍ਰਹਮਾਕੁਮਾਰ ਅਤੇ ਬ੍ਰਹਮਾਕੁਮਾਰੀਆਂ ਦੇ ਸਮੁਖ 18-1-1969 ਤੋਂ ਪਹਿਲੇ ਉਚਾਰਨ ਕੀਤੀ ਸੀ। ਇਹ ਕੇਵਲ ਬਰਮਾਕੁਮਾਰੀਆਂ ਦੀ ਅਧਿਕ੍ਰਿਤ ਟੀਚਰ ਭੈਣਾਂ ਦਵਾਰਾ ਨਿਮਿਤ ਬੀਕੇ ਵਿਧੀਰਥੀਆਂ ਨੂੰ ਸੁਣਾਉਣ ਲਈ ਹੈ।